# ਮੀਆਂ ਵਜੀਦ

ਮੀਆਂ ਵਜੀਦ ਮੱਧਕਾਲ ਦਾ ਇੱਕ ਹਰਮਨ ਪਿਆਰਾ ਸੰਤ ਕਵੀ ਹੋਇਆ ਹੈ। ਪੰਜਾਬੀ ਲੋਕ ਕਾਵਿ-ਧਾਰਾ ਵਿੱਚ ਆਪ ਦਾ ਬੜਾ ਹੀ ਉੱਘਾ ਸਥਾਨ ਹੈ। ਆਪ ਨੂੰ ਸੂਫੀਆਂ ਦੇ 'ਰੌਸ਼ਨੀ' ਟੋਲੇ ਦਾ ਮੋਢੀ ਮੰਨਿਆ ਜਾਂਦਾ ਹੈ। ਆਪ ਦਾ ਜਨਮ ਜਲੰਧਰ ਵਿਖੇ ਹੋਇਆ। ਡਾ. ਮੋਹਨ ਸਿੰਘ ਦੀਵਾਨਾ ਆਪ ਦਾ ਜੀਵਨ ਕਾਲ 1550-1660 ਈ. ਤੱਕ ਮੰਨਦੇ ਹਨ। ਸੰਤ ਦਾਦੂ ਦਇਆਲ ਜੀ ਆਪ ਦੇ ਮੁਰਸ਼ਦ ਸਨ। ਆਪ ਪਹਿਲਾਂ ਕਾਬੁਲ ਰਹੇ ਅਤੇ ਫੇਰ ਮਥੁਰਾ ਤੇ ਬਿੰ੍ਦਾਬਨ ਦੀ ਯਾਤਰਾ 'ਤੇ ਗਏ। ਵਾਪਸ ਪੰਜਾਬ ਆ ਕੇ ਸਾਧੂ-ਸੰਤਾਂ ਦੀ ਸੰਗਤ ਵਿੱਚ ਪ੍ਰਭੂ ਭਗਤੀ ਵੱਲ ਖਿੱਚੇ ਗਏ।

ਮੀਆਂ ਵਜੀਦ ਰਚਿਤ 14 ਛੋਟੇ-ਛੋਟੇ ਗ੍ਰੰਥਾਂ ਦਾ ਹਵਾਲਾ ਮਿਲਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਵਜੀਦ ਜੀ ਦੇ 2 ਸ਼ਬਦਾਂ, 40 ਸ਼ਲੋਕਾਂ, 33 ਤੂਤੀਏ, 28 ਅੜਿੱਲਾਂ ਅਤੇ ਇੱਕ ਮਾਝ ਦੀ ਸੰਪਾਦਨਾ ਕੀਤੀ ਹੈ। ਪੰਜਾਬੀ ਵਿੱਚ ਆਪ ਦੀ ਰਚਨਾ ਦਾ ਆਕਾਰ ਤਾਂ ਭਾਵੇਂ ਛੋਟਾ ਹੈ, ਪਰ ਇਸ ਦੀ ਸ਼ੈਲੀ ਵਿਲੱਖਣ ਭਾਂਤ ਦੀ ਹੈ। ਆਪ ਜੀ ਦੇ ਸ਼ਲੋਕਾਂ ਵਿੱਚ ਭਾਰਤੀ ਹਿੰਦੂ ਮਿਥਿਹਾਸ ਅਤੇ ਇਸਲਾਮੀ ਪਰੰਪਰਾ ਦੀ ਸ਼ਬਦਾਵਲੀ ਵਰਤੀ ਗਈ ਹੈ। ਵਜੀਦ ਜੀ ਦੀ ਬਾਣੀ ਵਿੱਚ ਵਿਸ਼ੇ ਪੱਖੋਂ ਭਿੰਨ-ਭਿੰਨ ਪਹਿਲੂ ਉਜਾਗਰ ਹੋਏ ਹਨ। ਰੱਬੀ ਭਾਣੇ ਦੀ ਆਪ ਮੁਹਾਰਤਾ, ਸੰਸਾਰ ਦੀ ਨਾਸ਼ਮਾਨਤਾ, ਨੇਕ ਅਮਲਾਂ ਦੀ ਲੋੜ, ਹਉਮੈ ਦਾ ਤਿਆਗ, ਸਰਵ-ਸਾਂਝੀਵਾਲਤਾ ਦਾ ਸੰਦੇਸ਼ ਆਪ ਦੀ ਰਚਨਾ ਦੇ ਮੁੱਖ ਵਿਸ਼ੇ ਹਨ।

## ਸਲੋਕ

## ਇਕਨਾਂ ਦੇ ਘਰਿ ਪੁੱਤ

ਇਕਨਾਂ ਦੇ ਘਰਿ ਪੁੱਤ, ਪੁੱਤਾਂ ਘਰਿ ਪੋਤਰੇ।
ਇਕਨਾਂ ਦੇ ਘਰਿ ਧੀਆਂ, ਧੀਆਂ ਘਰਿ ਦੋਹਤਰੇ।
ਇਕਨਾਂ ਦੇ ਘਰਿ ਇਕ ਤੇ ਉਹ ਵੀ ਜਾਇ ਮਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਉਤਪਤ ਸਭ ਸੰਸਾਰ......

ਉਤਪਤ ਸਭ ਸੰਸਾਰ, ਜੋ ਸੱਚੇ ਰੱਬ ਦੀ।
ਇਕ ਸਾਹਿਬ ਨੇ ਰਚੀ, ਰੂਹੁ ਸੱਭ ਦੀ।
ਇਕਨਾਂ ਰਾਹ ਸ਼ਰੀਅਤ, ਇਕਨਾਂ ਰਾਮ ਹਰਿ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਰਾਵਣ ਵੱਡਾ ਹੰਕਾਰੀ

ਰਾਵਣ ਵੱਡਾ ਹੰਕਾਰੀ, ਲੰਕਾ ਜਿਤ ਘਰਿ।
ਕੋਟਿ-ਤੇਤੀਸਾ-ਦੇਵ, ਬੰਦੀ ਜਿਤ ਦਰਿ।
ਦਿਤੋਸੁ ਖਾਕ ਰੁਲਾਇ, ਇਕਸੇ ਪਲਕ ਭਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਗਊਆਂ ਦੇਂਦਾ ਘਾਹ

ਗਊਆਂ ਦੇਂਦਾ ਘਾਹ, ਮਲੀਂਦਾ ਕੁੱਤਿਆਂ।
ਜਾਗਦਿਆਂ ਥੀਂ ਖੋਹਿ ਕੈ, ਦੇਂਦਾ ਸੁੱਤਿਆਂ।
ਚਹੁੰ ਕੂੰਟੀ ਹੈ ਪਾਣੀ, ਤਾਲੁ ਸਰ-ਬ-ਸਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਮੂਰਖ ਨੋ ਅਸਵਾਰੀ

ਮੂਰਖ ਨੋ ਅਸਵਾਰੀ, ਹਾਥੀ ਘੋੜਿਆਂ।
ਪੰਡਿਤ ਪੈਰ ਪਿਆਦੇ, ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ, ਮੂਰਖ (ਦੇ) ਜਾਇ ਘਰਿ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਦੁਰਜੋਧਨ ਵੱਡਾ ਹੰਕਾਰੀ

ਦੁਰਜੋਧਨ ਵੱਡਾ ਹੰਕਾਰੀ, ਕਿਸੇ ਨ ਜਾਣਦਾ।
ਕ੍ਰਿਸ਼ਣ ਫਿਰੈ ਰੈਬਾਰੀ, ਸੁਲਹ ਕਰਾਇੰਦਾ।
ਦੇਹੀ ਗਿਰਝਨ ਖਾਹੀ, ਏਵੈਂ ਗਈ ਸੜ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਇਕਨਾ ਮਹਲ ਉਸਾਰੇ

ਇਕਨਾ ਮਹਲ ਉਸਾਰੇ, ਮੰਡਪ-ਮਾੜੀਆਂ।
ਇਕ ਬੰਨ੍ਹਣ ਸਿਰ ਤੇ ਭਾਰ, ਉਠਾਇਨ ਖਾਰੀਆਂ।
ਇਕਨਾ ਦੇ ਹੇਠ ਤੁਰੇ, ਇਕ ਫਿਰੇ ਦਰ-ਬ-ਦਰ।
ਵਜੀਦਾ ਕੌਣ ਸਾਹਿਬ ਨੋ ਆਖੇ, ਐਉਂ ਨਹੀ ਅੰਞ ਕਰ।

## ਪੜ੍ਹ ਕਰਿ ਪੰਡਿਤ

ਪੜ੍ਹ ਕਰਿ ਪੰਡਿਤ ਨਿਤ,ਲੋਕਾਂ ਸਮਝਾਇੰਦਾ।
ਘਰ ਜਲਤੇ ਕੀ ਖਬਰ, ਨ ਹਰਗਿਜ ਪਾਇੰਦਾ।
ਜੋ ਕਛ ਪੋਥੀ ਕਹੈ, ਨ ਪੰਡਿਤ ਮਾਨਹੀ।
ਵਜੀਦਾ ਪੜ੍ਹਨ ਕਰਨ ਮੈਂ ਭੇਦ, ਖ਼ਾਕ ਸਿਰ ਛਾਨਈ।

**( ਸ਼ਰੀਅਤ- ਇਸਲਾਮੀ ਧਰਮ ਕਾਨੂੰਨ, ਮਲੀਂਦਾ- ਚੂਰੀ, ਪਿਆਦੇ- ਪੈਦਲ, ਸੁਘੜ- ਸੂਝਵਾਨ, ਮਜ਼ੂਰੀ- ਮਜ਼ਦੂਰੀ, ਰੈਬਾਰੀ- ਰਹਿਬਰ/ਧਾਰਮਿਕ ਗੁਰੂ, ਖਾਰੀਆਂ- ਟੋਕਰੀਆਂ, ਤੁਰੇ- ਘੋੜੇ, ਪੋਥੀ- ਧਾਰਮਿਕ ਗ੍ਰੰਥ)**

# ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਇਕਨਾ ਦੇ ਘਰਿ ਪੁੱਤ, ਪੁੱਤਾਂ ਘਰਿ ਪੋਤਰੇ।
ਇਕਨਾ ਦੇ ਘਰਿ ਧੀਆਂ, ਧੀਆਂ ਘਰਿ ਦੋਹਤਰੇ।
ਇਕਨਾ ਦੇ ਘਰਿ ਇਕ ਤੇ ਉਹ ਵੀ ਜਾਇ ਮਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

(ਅ) ਰਾਵਣ ਵੱਡਾ ਹੰਕਾਰੀ, ਲੰਕਾ ਜਿਤ ਘਰਿ।
ਕੋਟਿ-ਤੇਤੀਸਾ-ਦੇਵ, ਬੰਦੀ ਜਿਤ ਦਰਿ।
ਦਿਤੋਸੁ ਖਾਕ ਰੁਲਾਇ, ਇਕਸੇ ਪਲਕ ਭਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

2. 'ਪੜ੍ਹ ਕਰਿ ਪੰਡਿਤ' ਸਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. 'ਮੂਰਖ ਨੋ ਅਸਵਾਰੀ' ਸਲੋਕ ਰਾਹੀਂ ਕੀ ਸਿੱਖਿਆ ਮਿਲਦੀ ਹੈ ?
4. 'ਉਤਪਤ ਸਭ ਸੰਸਾਰ' ਸਲੋਕ ਰਾਹੀਂ ਮੀਆਂ ਵਜੀਦ ਰੱਬ ਦੇ ਕਿਹੜੇ-ਕਿਹੜੇ ਗੁਣਾਂ ਦੀ ਗੱਲ ਕਰਦਾ ਹੈ ?
5. ਮੀਆਂ ਵਜੀਦ ਦੇ ਕਿਹੜੇ ਸਲੋਕਾਂ ਵਿੱਚ ਹੰਕਾਰੀ ਮਨੁੱਖਾਂ ਦੀ ਦੁਰਦਸ਼ਾ ਦੇ ਇਤਿਹਾਸਿਕ ਹਵਾਲਿਆਂ ਦਾ ਚਿਤਰਨ ਹੈ ? ਵਰਨਣ ਕਰੋ।